## ਭਗਤ ਨਾਮਦੇਵ - ਸਬਦ ੩

### ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥

### ਰਾਗੁ ਆਸਾ, ਭਗਤ ਨਾਮਦੇਉ, ਗੁਰੂ ਗ੍ਰੰਥ ਸਾਹਿਬ, ੪੮੫

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥
ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥੧॥
ਜਤ੍ਰ ਜਾਉ ਤਤ ਬੀਠਲੁ ਭੈਲਾ ॥
ਮਹਾ ਅਨੰਦ ਕਰੇ ਸਦ ਕੇਲਾ ॥੧॥ ਰਹਾਉ ॥
ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥
ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ ॥੨॥
ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥
ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥੩॥
ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥
ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥

ਸਾਰ: ਜਗਿਆਸਾ ਅਤੇ ਇਸ ਦੀ ਖੋਜ ਦਾ ਰਸਤਾ ਆਸਾਨ ਨਹੀਂ ਹੈ। ਇਹ ਸਾਨੂੰ ਉਨ੍ਹਾਂ ਵਿਸ਼ਵਾਸਾਂ ਨੂੰ ਛੱਡਣ ਅਤੇ ਮਨ ਨੂੰ ਸਹਿਜਤਾ ਵਿਚ ਉਨ੍ਹਾਂ ਪੁਰਾਣੀਆਂ ਧਾਰਨਾਵਾਂ ਤੋਂ ਮੁਕਤ ਹੋਣ ਦੀ ਪ੍ਰੇਰਨਾ ਕਰਦਾ ਹੈ, ਜਿਨ੍ਹਾਂ ਦੀ ਜੜ੍ਹ ਬਹੁਤ ਡੂੰਘੀ ਹੁੰਦੀ ਹੈ। ਇਹ ਵਰਤਾਰੇ ਹਕੀਕਤ ਅਤੇ ਆਪਣੇ ਆਪ ਪ੍ਰਤੀ ਸਾਡੀ ਸੂਝ ਨੂੰ ਧੁੰਦਲਾ ਕਰਦੇ ਹਨ। ਇਹ ਯਾਤਰਾ ਇਮਾਨਦਾਰੀ ਅਤੇ ਹਿੰਮਤ ਦੀ ਮੰਗ ਕਰਦੀ ਹੈ, ਕਿਉਂਕਿ ਇਹ ਅਕਸਰ ਉਨ੍ਹਾਂ ਵਸਤਾਂ ਨੂੰ ਚੁਣੌਤੀ ਦਿੰਦੀ ਹੈ ਜੋ ਜਾਣੂ ਅਤੇ ਸੁਰੱਖਿਅਤ ਮਹਿਸੂਸ ਹੁੰਦੀਆਂ ਹਨ। ਸੱਚਾਈ ਹਨ੍ਹੇਰੇ ਵਿਚ ਸਵੀਕਾਰ ਕਰਨ ਵਾਲੀ ਕੋਈ ਵਸਤ ਨਹੀਂ ਹੈ; ਇਹ ਦੁਰਲਭ ਖੋਜ ਦਾ ਵਿਸ਼ਾ ਹੈ। ਇਹ ਪੜਚੋਲ, ਚਿੰਤਨ ਅਤੇ ਸਿੱਧੇ ਅਨੁਭਵ ਦੁਆਰਾ ਪ੍ਰਗਟ ਹੁੰਦੀ ਹੈ। ਜਦੋਂ ਅਸੀਂ ਸਵਾਲ ਕਰਨ ਦੀ ਹਿੰਮਤ ਕਰਦੇ ਹਾਂ ਤਾਂ ਹੀ ਗੂੜ੍ਹ ਜਵਾਬ ਆਪਣੇ ਆਪ ਨੂੰ ਪ੍ਰਗਟ ਕਰਨਾ ਸ਼ੁਰੂ ਕਰਦੇ ਹਨ।

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥

ਦੇਵਤੇ ਦੀ ਮੂਰਤੀ ਨੂੰ ਨਹਾਉਣ ਲਈ ਪਾਣੀ ਦਾ ਘੜਾ ਲਿਆਂਦਾ ਜਾਂਦਾ ਹੈ। ਇਹ ਭਾਵ ਪੂਜਾ ਪੱਧਤੀ ਦੀ ਹੈਰਾਨਗੀ ਨੂੰ ਉਜਾਗਰ ਕਰਦਾ ਹੈ, ਜੋ ਦਰਸਾਉਂਦਾ ਹੈ ਕਿ ਬੇਜਾਨ ਪੱਥਰ ਦੀ ਪੂਜਾ ਕੀਤੀ ਜਾਂਦੀ ਹੈ ਪਰ ਜੀਵੰਤ ਜੀਵਾਂ ਦੇ ਸਵੈਮਾਨ ਅਤੇ ਸਤਿਕਾਰ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ।

ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥੧॥

੪੨ ਲੱਖ ਪ੍ਰਜਾਤੀਆਂ ਪਾਣੀ ਵਿਚ ਹਨ, ਅਤੇ ਹਰ ਪ੍ਰਜਾਤੀ ਇਕ ਸਰਬਵਿਆਪੀ ਸਤਾ ਨੂੰ ਮੂਰਤੀਮਾਨ ਕਰਦੀ ਹੈ, ਸਾਨੂੰ ਕਿਹੜਾ ਕਰਮ ਕਰਨਾ ਚਾਹੀਦਾ ਹੈ? ਇਹ ਭਾਵ ਜੀਵਨ ਦੇਣ ਵਾਲੀ ਸਤਾ ਦਾ ਸਨਮਾਨ ਕਰਨ ਲਈ ਬਣਾਏ ਗਏ ਕਰਮ ਕਾਂਢੀ ਰਸਮੀਂ ਅਭਿਆਸਾ ਦੀ ਵਿਅਰਥਤਾ-'ਤੇ ਸਵਾਲ ਉਠਾਉਂਦਾ ਹੈ, ਜੋ ਜੀਵਨ ਧਾਰਾ ਦੇ ਉਲਟ ਵਿਨਾਸ਼ ਵੱਲ ਲੈ ਜਾਂਦੇ ਹਨ। (੧)

ਜਤ੍ਰ ਜਾਉ ਤਤ ਬੀਠਲੁ ਭੈਲਾ ॥

ਮੈਂ ਜਿੱਥੇ ਵੀ ਜਾਂਦਾ ਹਾਂ, ਸਰਬ ਵਿਆਪਕ ਦੈਵੀ ਊਰਜਾ ਉੱਥੇ ਹਾਜ਼ਰ ਹੁੰਦੀ ਹੈ। ਇਹ ਭਾਵ ਸ੍ਰਿਸ਼ਟੀ ਦੀ ਏਕਾ ਮਲਕੀਅਤ ਦੀ ਮਾਨਤਾ ਨੂੰ ਦਰਸਾਉਂਦਾ ਹੈ।

ਮਹਾ ਅਨੰਦ ਕਰੇ ਸਦ ਕੇਲਾ ॥੧॥ ਰਹਾਉ ॥

ਇਹ ਅਨੰਤਤਾ ਰਾਹੀਂ ਪਰਮ ਅਨੰਦ ਵਿਚ ਅਨੰਦਿਤ ਹੁੰਦਾ ਹੈ। ਇਹ ਭਾਵ ਚੇਤੰਨ ਸ਼ਰਧਾ ਦਾ ਸੰਕੇਤ ਹੈ, ਜੋ ਜੀਵਨ ਦੇ ਸਾਰੇ ਰੂਪਾਂ ਵਿਚ ਪਵਿੱਤਰਤਾ ਨੂੰ ਪਛਾਣਦੀ ਹੈ। (੧)(ਠਹਿਰਾਉ)

ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥

ਪੂਜਾ ਪੱਧਤੀ ਦੇ ਰੂਪ ਵਜੋਂ ਦੇਵਤੇ ਦੀ ਮੂਰਤੀ ਨੂੰ ਸਜਾਉਣ ਲਈ ਫੁੱਲਾਂ ਦਾ ਹਾਰ ਭੇਟ ਕੀਤਾ ਜਾਂਦਾ ਹੈ।- ਇਹ ਪ੍ਰਥਾ ਭੇਟਾਂ ਦੀ ਪਵਿੱਤਰਤਾ'ਤੇ ਸਵਾਲ ਉਠਾਉਂਦੀ ਹੈ, ਜਿੱਥੇ ਨਿਰਜੰਦ ਨੂੰ ਸੁੰਦਰ ਬਣਾਉਣ ਲਈ ਜੀਵੰਤ ਨੂੰ ਕੁਰਬਾਨ ਕੀਤਾ ਜਾਂਦਾ ਹੈ।

ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ ॥੨॥
ਭੌਰਾ ਪਹਿਲਾਂ ਹੀ ਫੁੱਲ ਦੀ ਮਹਿਕ ਮਾਣ ਚੁੱਕਾ ਹੈ; ਭੌਰਾ ਦੇ ਅੰਦਰ ਸਰਵ ਵਿਆਪਕ ਦੈਵੀਸਤਾ ਦਾ ਵਾਸਾ ਹੈ। ਅਸੀਂ ਕੀ ਕਰੀਏ? ਇਹ ਨੇਕੀ ਅਤੇ ਬਦੀ ਦੇ ਸੰਕਲਪਾਂ 'ਤੇ ਸਵਾਲ ਉਠਾਉਂਦਾ ਹੈ, ਕਿਉਂਕਿ ਸਾਰੇ ਇਕ ਸਾਂਝੀ ਜਾਗਰੂਕਤਾ ਦਾ ਹਿੱਸਾ ਹਨ। (੨)

ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥
ਦੇਵਤੇ ਦੀ ਮੂਰਤੀ ਨੂੰ ਖੀਰ ਭੇਟ ਕਰਨ ਲਈ ਦੁੱਧ ਲਿਆਂਦਾ ਜਾਂਦਾ ਹੈ। ਇਹ ਭਾਵ ਸਾਨੂੰ ਯਾਦ ਦਿਵਾਉਂਦਾ ਹੈ ਕਿ ਸ਼ਰਧਾ ਇਸ ਤੱਥ ਨੂੰ ਪਛਾਣਨ ਵਿਚ ਹੈ ਕਿ ਸਮੁਚਾ ਅਹਾਰ ਸਰਵ ਵਿਆਪਕ ਊਰਜਾ ਦਾ ਹੀ ਹਿੱਸਾ ਹੈ।

ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥੩॥
ਵੱਛੇ ਨੇ ਤਾਂ ਪਹਿਲਾਂ ਹੀ ਦੁੱਧ ਚੁੰਘ ਲਿਆ ਹੈ; ਇਸ ਦੇ ਅੰਦਰ ਵੀ ਤਾਂ ਸਰਵ ਵਿਆਪਕ ਦੈਵੀ ਸਤਾ ਦਾ ਵਾਸਾ ਹੈ। ਅਸੀਂ ਕੀ ਕਰੀਏ? ਇਹ ਭਾਵ ਸਾਨੂੰ ਨਿਰਮਲਤਾ ਅਤੇ ਮਲੀਨਤਾ ਦੀ ਪ੍ਰਕਿਰਤੀ 'ਤੇ ਵਿਚਾਰ ਕਰਨ ਦੀ ਚੁਣੌਤੀ ਦਿੰਦਾ ਹੈ, ਜੋ ਸਾਨੂੰ ਯਾਦ ਦਿਵਾਉਂਦੇ ਹਨ ਕਿ ਹਰ ਵਸਤ ਦੈਵੀ ਰਚਨਾ ਦਾ ਇਕ ਹਿੱਸਾ ਹੈ। (੩)

ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥
ਹਰ ਥਾਂ ਵਸਦੀ ਹੈ; ਇਹ ਸਰਵ-ਵਿਆਪੀ ਚੇਤਨਾ ਹਰ ਸ਼ੈ ਵਿਚ ਫੈਲੀ ਹੋਈ ਹੈ। ਇਸ ਮੂਲ ਸਤਾ ਤੋਂ ਬਿਨਾਂ, ਜਿਵੇਂ ਕਿ ਅਸੀਂ ਜਾਣਦੇ ਹਾਂ, ਸੰਸਾਰ ਦੀ ਹੋਂਦ ਬਰਕਰਾਰ ਨਹੀਂ ਰਹਿ ਸਕਦੀ।

ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥
ਨਾਮਦੇਵ ਕਹਿੰਦੇ ਹਨ ਕਿ ਉਹ ਸਭਨੀ ਥਾਂਈ ਅਤੇ ਸਾਰੇ ਪਾਸੇ ਸ਼ਰਧਾ ਭੇਟ ਕਰਦੇ ਹਨ ਕਿਉਂਕਿ ਸਰਬਵਿਆਪੀ ਦੈਵੀਸਤਾ ਹਰ ਪਾਸੇ ਵੱਸਦੀ ਹੈ। ਇਹ ਭਾਵ ਪੂਰਨ ਏਕਤਾ ਨਾਲ ਲਬਰੇਜ਼ ਮਾਨਸਿਕਤਾ ਨੂੰ ਦਰਸਾਉਂਦਾ ਹੈ, ਜਿੱਥੇ ਹਰ ਦਿਸ਼ਾ, ਜੀਵ ਅਤੇ ਪਲ ਨੂੰ ਇਕ ਵਿਸ਼ਵਵਿਆਪੀ ਹਾਜ਼ਰਤਾ ਵਜੋਂ ਅਪਣਾਇਆ ਜਾਂਦਾ ਹੈ। (੪)(੨)

ਤੱਤ:  ਭਗਤ ਨਾਮਦੇਵ ਇਸ ਤੱਥ ਦੀ ਸੂਝ ਪ੍ਰਗਟ ਕਰਦੇ ਹਨ ਕਿ ਸਰਬਵਿਆਪੀ ਊਰਜਾ ਵੱਖ-ਵੱਖ ਰੂਪਾਂ ਵਿਚ ਮੌਜੂਦ ਹੋ, ਬ੍ਰਹਿਮੰਡ ਦੇ ਹਰ ਹਿੱਸੇ ਨੂੰ ਭਰਪੂਰ ਕਰਦੀ ਹੈ। ਇਸ ਸਰਵਵਿਆਪੀ ਸਤਾ ਨਾਲ ਜੁੜਿਆ ਸੰਬੰਧ ਉਨ੍ਹਾਂ ਨੂੰ ਹਰ ਵਸਤ ਪ੍ਰਤੀ ਸ਼ਰਧਾ ਭੇਟ ਕਰਨ ਲਈ ਪ੍ਰੇਰਿਤ ਕਰਦਾ ਹੈ, ਕਿਉਂਕਿ ਹਰ ਦਿਸ਼ਾ, ਹਰ ਜੀਵ, ਹਰ ਪਲ ਵਿਚ ਇਕੋ ਸਤਾ ਵਿਆਪਕ ਹੈ, ਜੋ ਹੋਂਦ ਦੀ ਅੰਤਰਸੰਬਧਤਾ ਦੀ ਮੂਕ ਗਵਾਹ ਹੈ। ਇਕ ਵਾਰ ਜਦੋਂ ਇਸ ਹਕੀਕਤ ਨੂੰ ਕਲਾਵੇ ਵਿਚ ਲੈ ਲਿਆ ਜਾਂਦਾ ਹੈ, ਤਾਂ ਫਿਰ ਸ਼ਰਧਾ ਬਾਹਰੀ ਰਸਮਾਂ ਤੱਕ ਸੀਮਿਤ ਨਹੀਂ ਰਹਿੰਦੀ; ਇਹ ਰੁਪਾਂਤ੍ਰਸ਼ੀਲ ਵਰਤਾਰਾ ਹੋ ਨਿਬੜਦੀ ਹੈ ਜਿਸ ਰਾਹੀਂ ਸੰਸਾਰ ਪਵਿੱਤਰ ਹੋ ਜਾਂਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**